King Traditional Elementary School

Drop off and Pick Up Safety




ਕਿੰਗ ਟ੍ਰੈਡੀਸ਼ਨਲ ਐਲੀਮੈਂਟਰੀ ਸਕੂਲ ਵਿਖੇ ਆਪਣੇ ਬੱਚਿਆਂ ਨੂੰ ਸੁਰੱਖਿਆ ਨਾਲ ਛੱਡਣ ਅਤੇ ਚੁੱਕਣ ਲਈ ਉਤਸ਼ਾਹਤ ਕਰਨ ਵਿੱਚ ਮਦਦ ਕਰਨ ਲਈ, ਬਾਰੇ ਅਸੀਂ ਥੋੜ੍ਹੀ ਜਿਹੀ ਜਾਣਕਾਰੀ ਸਾਂਝੀ ਕਰਨੀ ਚਾਹਾਂਗੇ ਕਿ ਸਾਡਾ ਪਾਰਕਿੰਗ ਲੌਟ ਕਿਵੇਂ ਕੰਮ ਕਰਦਾ ਹੈ। ਉੱਪਰ ਸਾਡੇ ਕੈਂਪਸ ਦੀ ਇੱਕ ਫੋਟੋ ਹੈ। ਅੱਖਰਾਂ ਅਤੇ ਤੀਰਾਂ ਦੀ ਵਰਤੋਂ ਤੁਹਾਨੂੰ  ਕੁਝ ਵਿਸ਼ੇਸ਼ ਖੇਤਰਾਂ ਬਾਰੇ ਦੱਸਣ ਲਈ ਕੀਤੀ ਹੈ:

**A: ਕੈਂਪਸ ਦਾ ਪ੍ਰਵੇਸ਼ ਦੁਆਰ, ਲੇਨ ਰਾਹੀਂ:** ਇਹ ਲੇਨ ਉਸ ਸਮੇਂ ਮਿਲਦੀ ਹੈ ਜਦੋਂ ਤੁਸੀਂ ਸਾਡੇ ਕੈਂਪਸ ਦੇ ਗੇਟ ਵਿੱਚ ਦਾਖਲ ਹੁੰਦੇ ਹੋ। ਇਹ ਖੱਬੀ ਲੇਨ ਟਰੈਫਿਕ ਆਵਾਜਾਈ ਲਈ ਹੈ: ਜਿਸਦਾ ਮਤਲਬ ਹੈ ਕਿ ਤੁਹਾਨੂੰ ਵਿਦਿਆਰਥੀਆਂ ਨੂੰ ਛੱਡਣ ਲਈ ਇਸ ਲੇਨ ਵਿੱਚ ਨਹੀਂ ਰੁਕਣਾ ਚਾਹੀਦਾ, ਪਰ ਇਸਦੀ ਬਜਾਏ ਕੈਂਪਸ ਵਿੱਚ ਲਗਾਤਾਰ ਵਹਾਅ ਅਤੇ ਬਾਹਰ ਜਾਣ ਲਈ ਗੱਡੀ ਚਲਾਉਣ ਲਈ ਇਸਦੀ ਵਰਤੋਂ ਕਰਨੀ ਚਾਹੀਦੀ ਹੈ।

**B: ਕੈਂਪਸ ਦਾ ਪ੍ਰਵੇਸ਼, ਡ੍ਰੌਪ ਆਫ ਲੇਨ:** ਇਸ ਲੇਨ ਦੀ ਵਰਤੋਂ ਵਿਦਿਆਰਥੀਆਂ ਨੂੰ ਅਸਥਾਈ ਤੌਰ 'ਤੇ ਸਕੂਲ ਵਿੱਚ ਰੋਕਣ ਅਤੇ ਛੱਡਣ ਲਈ ਕੀਤੀ ਜਾ ਸਕਦੀ ਹੈ। ਡਰਾਇਵਰਾਂ ਨੂੰ ਆਪਣੇ ਵਾਹਨਾਂ ਤੋਂ ਬਾਹਰ ਨਹੀਂ ਨਿਕਲਣਾ ਚਾਹੀਦਾ। ਇਹ ਬਹੁਤ ਮਹੱਤਵਪੂਰਨ ਹੈ ਕਿ ਵਿਦਿਆਰਥੀ ਹਮੇਸ਼ਾ ਆਪਣੇ ਦਰਵਾਜ਼ੇ ਸੱਜੇ ਪਾਸੇ (ਫੁੱਟਪਾਥ ਦੇ ਸਭ ਤੋਂ ਨੇੜੇ) ਖੋਲ੍ਹਣ ਅਤੇ ਕਦੇ ਵੀ ਵਿਦਿਆਰਥੀਆਂ ਨੂੰ ਤੁਹਾਡੀ ਗੱਡੀ ਵਿੱਚੋਂ ਖੱਬੇ ਪਾਸੇ (ਟਰੈਫਿਕ ਫਲੋਅ ਲੇਨ ਵਿੱਚ ਪੈਦਲ ਚੱਲਦੇ ਹੋਏ) ਬਾਹਰ ਨਾ ਨਿਕਲਣ। ਕਿਰਪਾ ਕਰਕੇ ਆਪਣੇ ਬੱਚਿਆਂ ਨੂੰ ਫੁੱਟਪਾਥ ਦੀ ਵਰਤੋਂ ਕਰਨ, ਸੜਕ ਤੋਂ ਦੂਰ ਰਹਿਣ, ਅਤੇ ਗੇਟ ਦੀ ਵਰਤੋਂ ਕਰਕੇ ਕੈਂਪਸ ਵਿੱਚ ਦਾਖਲ ਹੋਣ ਲਈ ਯਾਦ ਕਰਵਾਓ। ਇਹ ਤੁਹਾਡੇ ਬੱਚੇ ਨੂੰ ਛੱਡਣ ਲਈ ਸਭ ਤੋਂ ਸੁਰੱਖਿਅਤ ਸਥਾਨ ਹੈ। ਕਿਰਪਾ ਕਰਕੇ ਇਸ ਟਿਕਾਣੇ ਦੀ ਵਰਤੋਂ ਕਰਨ 'ਤੇ ਵਿਚਾਰ ਕਰੋ, ਨਾ ਕਿ ਸਾਡੇ ਸਕੂਲ ਦੇ ਉਸ ਪਾਸੇ ਦੀ ਬਜਾਏ ਜਿੱਥੇ ਸਾਡੀਆਂ ਬੱਸਾਂ ਦੀ ਆਵਾਜਾਈ ਹੈ।

**C: ਪੇਰੈਂਟ ਪਾਰਕਿੰਗ ਲੌਟ:** ਜੇ ਤੁਸੀਂ ਆਪਣਾ ਵਾਹਨ ਪਾਰਕ ਕਰਨਾ ਚਾਹੁੰਦੇ ਹੋ ਅਤੇ ਕੈਂਪਸ ਵਿੱਚ ਆਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਟਾਫ ਪਾਰਕਿੰਗ ਲੌਟ ਦੀ ਬਜਾਏ ਪੇਰੈਂਟ ਪਾਰਕਿੰਗ ਲੌਟ ਦੀ ਵਰਤੋਂ ਕਰੋ।

**D: ਕੈਂਪਸ ਐਗਜ਼ਿਟ:** ਇਹ ਉਹ ਨਿਕਾਸ ਹੈ ਜਿਸ ਵਿੱਚੋਂ ਕੈਂਪਸ ਵਿੱਚ ਦਾਖਲ ਹੋਣ ਵਾਲੇ ਸਾਰੇ ਵਾਹਨਾਂ ਨੂੰ ਬਾਹਰ ਨਿਕਲਣ ਦੀ ਲੋੜ ਹੁੰਦੀ ਹੈ। ਜਦ ਤੁਸੀਂ ਬਾਹਰ ਨਿਕਲਦੇ ਹੋ ਤਾਂ ਕਿਰਪਾ ਕਰਕੇ ਬਹੁਤ ਧਿਆਨ ਰੱਖੋ, ਕਿਉਂਕਿ ਬਹੁਤ ਸਾਰੇ ਵੱਡੇ ਵਪਾਰਕ ਢੋਆ-ਢੁਆਈ ਵਾਲੇ ਟਰੱਕ ਹਨ ਜੋ ਸਾਡੇ ਸਕੂਲ ਦੇ ਆਸ-ਪਾਸ ਦੀਆਂ ਸੜਕਾਂ 'ਤੇ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ।

**E: ਸਟਾਫ ਪਾਰਕਿੰਗ ਲੌਟ:** ਇਹ ਉਹ ਪਾਰਕਿੰਗ ਲਾਟ ਹੈ ਜਿਸ ਦੀ ਵਰਤੋਂ ਸਾਡੇ ਸਟਾਫ ਦੇ ਮੈਂਬਰ ਉਸ ਸਮੇਂ ਕਰਦੇ ਹਨ ਜਦੋਂ ਉਹ ਕੰਮ ਤੇ ਪਾਰਕ ਕਰਦੇ ਹਨ। ਸਾਡੇ ਅਮਲੇ ਨੂੰ ਅਨੁਕੂਲ ਬਣਾਉਣ ਲਈ ਲਗਭਗ ਸਾਰੀਆਂ ਜਗਹਾਂ ਦੀ ਲੋੜ ਹੁੰਦੀ ਹੈ, ਇਸ ਕਰਕੇ ਅਸੀਂ ਇਸਦੀ ਸ਼ਲਾਘਾ ਕਰਦੇ ਹਾਂ ਜੇਕਰ ਮਾਪੇ ਇਸ ਵਿਸ਼ੇਸ਼ ਲੌਟ ਵਿੱਚ ਪਾਰਕਿੰਗ ਨਾ ਕਰਨ।

**F: ਬੱਸਿੰਗ ਲੇਨ:** ਜ਼ਿਆਦਾਤਰ ਵਿਦਿਆਰਥੀ ਸਾਡੇ ਸਕੂਲ ਲਈ ਬੱਸ ਦੀ ਵਰਤੋਂ ਕਰਦੇ ਹਨ। ਇਹ ਉਹ ਥਾਂ ਹੈ ਜਿੱਥੇ ਬੱਸਾਂ ਸਾਡੇ ਵਿਦਿਆਰਥੀਆਂ ਨੂੰ ਛੱਡਣ ਅਤੇ ਚੁੱਕਣ ਲਈ ਸਾਡੇ ਕੈਂਪਸ ਵਿੱਚ ਦਾਖਲ ਹੁੰਦੀਆਂ ਹਨ। ਇਹ ਵੱਖਰੀ ਲੇਨ ਕੇਵਲ ਬੱਸਾਂ ਵਾਸਤੇ ਹੈ। ਕਿਰਪਾ ਕਰਕੇ ਵਿਦਿਆਰਥੀਆਂ ਨੂੰ ਇਸ ਲੇਨ ਦੀ ਵਰਤੋਂ ਕਰਕੇ ਨਾ ਛੱਡੋ।

**G: ਕਰਾਸਵਾਕ:** ਕੁਝ ਪਰਿਵਾਰ ਆਪਣੇ ਬੱਚਿਆਂ ਨੂੰ ਸਾਡੀ ਇਮਾਰਤ ਦੇ ਇੱਕ ਪਾਸੇ ਛੱਡਣ ਦੀ ਚੋਣ ਕਰਦੇ ਹਨ ਕਿਉਂਕਿ ਸੜਕ ਦੇ ਕਿਨਾਰੇ ਸੀਮਤ ਪਾਰਕਿੰਗ ਹੁੰਦੀ ਹੈ। ਇਹਨਾਂ ਪਰਿਵਾਰਾਂ ਨੂੰ ਕੈਂਪਸ ਵਿੱਚ ਦਾਖਲ ਹੋਣ ਲਈ ਇਸ ਕਰਾਸ ਵਾਕ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਰਪਾ ਕਰਕੇ ਬਹੁਤ ਧਿਆਨ ਰੱਖੋ ਜਦੋਂ ਤੁਸੀਂ ਇਸ ਕਰਾਸ ਵਾਕ ਦੀ ਵਰਤੋਂ ਕਰਦੇ ਹੋ ਜਦੋਂ ਇਹ ਬੱਸ ਲੇਨਾਂ ਨੂੰ ਪਾਰ ਕਰਦਾ ਹੈ। ਜਿਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਚੱਲਣ ਦਾ ਸਮਾਂ ਹੈ ਉਹ ਇਸ ਕਰਾਸਵਾਕ ਦੀ ਵਰਤੋਂ ਕਰਨੀ , ਉਨ੍ਹਾਂ ਨੂੰ ਚਾਹੀਦੀ ਹੈ।

**H: ਬੱਸ ਲੇਨ ਤੋਂ ਬਾਹਰ ਨਿਕਲਣਾ:** ਇਹ ਉਹ ਥਾਂ ਹੈ ਜਿੱਥੇ ਸਾਡੀਆਂ ਬੱਸਾਂ ਆਪਣੇ ਰੂਟਾਂ ਨੂੰ ਜਾਰੀ ਰੱਖਣ ਲਈ ਕੈਂਪਸ ਤੋਂ ਬਾਹਰ ਨਿਕਲਦੀਆਂ ਹਨ। ਵਿਦਿਆਰਥੀਆਂ ਨੂੰ ਇਸ ਟਿਕਾਣੇ 'ਤੇ ਕੈਂਪਸ ਵਿੱਚ ਦਾਖਲ ਨਹੀਂ ਹੋਣਾ ਚਾਹੀਦਾ, ਪਰ ਇਸਦੀ ਬਜਾਏ ਕਰੌਸ ਵਾਕ ਦੀ ਵਰਤੋਂ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ। ਜਿਹੜੇ ਮਾਪੇ ਸੜਕ ਦੇ ਨਾਲ-ਨਾਲ ਪਾਰਕ ਕਰਦੇ ਹਨ, ਉਹਨਾਂ ਨੂੰ ਸਾਡੀਆਂ ਵੱਡੀਆਂ ਬੱਸਾਂ ਦੇ ਖੱਬੇ ਪਾਸੇ ਮੁੜਨ ਲਈ ਇਸ ਨਿਕਾਸ ਸਥਾਨ 'ਤੇ ਕਾਫੀ ਜਗਹ ਛੱਡਣੀ ਚਾਹੀਦੀ ਹੈ। ਜੇ ਤੁਸੀਂ ਇਸ ਨਿਕਾਸ ਦੇ ਨੇੜੇ ਜਾਣ ਲਈ ਪਾਰਕ ਕਰਦੇ ਹੋ, ਤਾਂ ਹੋ ਸਕਦਾ ਹੈ ਬੱਸਾਂ ਤਦ ਤੱਕ ਖੱਬੇ ਪਾਸੇ ਮੁੜਨ ਦੇ ਅਯੋਗ ਹੋਣ ਜਦ ਤੱਕ ਤੁਹਾਡੇ ਵਾਹਨ ਨੂੰ ਹਿਲਾ ਨਹੀਂ ਦਿੱਤਾ ਜਾਂਦਾ।

**ਸਾਡੀ ਛੱਡਣ ਅਤੇ ਚੁੱਕਣ ਦੀਆਂ ਪ੍ਰਕਿਰਿਆਵਾਂ ਦੀ ਸਮੀਖਿਆ ਕਰਨ ਲਈ ਕੁਝ ਸਮਾਂ ਕੱਢਣ ਵਾਸਤੇ ਤੁਹਾਡਾ ਧੰਨਵਾਦ। ਕਿਰਪਾ ਕਰਕੇ ਇਹ ਵੀ ਨੋਟ ਕਰੋ ਕਿ ਦਿਨ ਦੀ ਸ਼ੁਰੂਆਤ ਮੌਕੇ ਨਿਗਰਾਨੀ 8:17 ਤੱਕ ਸ਼ੁਰੂ ਨਹੀਂ ਹੁੰਦੀ ਅਤੇ ਅਸੀਂ ਤੁਹਾਨੂੰ ਉਤਸ਼ਾਹਤ ਕਰਦੇ ਹਾਂ ਕਿ ਤੁਸੀਂ ਵਿਦਿਆਰਥੀਆਂ ਨੂੰ ਤਦ ਤੱਕ ਨਾ ਛੱਡੋ ਜਦ ਤੱਕ ਬਾਲਗ ਬਾਹਰ ਨਹੀਂ ਹੁੰਦੇ। ਅਸੀਂ ਤੁਹਾਡੇ ਸਮਰਥਨ ਦੀ ਸ਼ਲਾਘਾ ਕਰਦੇ ਹਾਂ ਅਤੇ ਸਾਡੇ ਵਿਦਿਆਰਥੀਆਂ ਨੂੰ ਸਲਾਮਤ ਰੱਖਣ ਲਈ ਮਿਲਕੇ ਕੰਮ ਕਰਨ ਦੀ ਉਤਸੁਕਤਾ ਨਾਲ ਉਡੀਕ ਕਰ ਰਹੇ ਹਾਂ!**